# ਮਾਡਲ ਪ੍ਰਸ਼ਨ ਪੱਤਰ

## ਵਿਸ਼ਾ: ਇਤਿਹਾਸ

## ਸ਼੍ਰੇਣੀ ਬਾਰ੍ਹਵੀਂ

## (2025-26)

**ਸ਼ਮਾ 3 ਘੰਟੇ** **ਕੁੱਲ ਅੰਕ 80**

1. ਪ੍ਰਸ਼ਨ ਪੱਤਰ 6 ਭਾਗਾਂ (ੳ, ਅ, ੲ, ਸ, ਹ) ਵਿੱਚ ਵੰਡਿਆਂ ਗਿਆ ਹੈ।
2. ਭਾਗ-ੳ ਪ੍ਰਸ਼ਨ ਨੰਬਰ 1 ਦੇ 10 ਉਪਭਾਗ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।
3. ਭਾਗ-ਅ ਪ੍ਰਸ਼ਨ ਨੰਬਰ 2 ਦੇ 05 ਉਪਭਾਗ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।
4. ਭਾਗ-ੲ ਪ੍ਰਸ਼ਨ ਨੰਬਰ 3 ਕੋਈ ਛੇ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਤਿੰਨ ਪ੍ਰਸ਼ਨ ਕਰਨੇ ਜਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਦਿਓ ਹਰ ਪ੍ਰਸ਼ਨ 3 ਅੰਕ ਦਾ ਹੈ।
5. ਭਾਗ-ਸ ਪ੍ਰਸ਼ਨ ਨੰਬਰ 4 ਵਿੱਚ ਸਰੋਤ ਆਧਾਰਿਤ ਪ੍ਰਸ਼ਨ ਦੇ 2 ਉਪਭਾਗ ਹਨ। ਹਰ ਉਪਭਾਗ ਵਿੱਚ ਛੇ ਪ੍ਰਸ਼ਨ ਹਨ। ਹਰ ਪ੍ਰਸ਼ਨ 1 ਅੰਕ ਦਾ ਹੈ।
6. ਭਾਗ-ਹ ਪ੍ਰਸ਼ਨ ਨੰਬਰ 5 ਵਿੱਚ 100% ਅੰਦਰੂਨੀ ਛੋਟ ਵਾਲੇ ਚਾਰ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 5 ਅੰਕ ਦਾ ਹੈ।
7. ਭਾਗ-ਕ ਪ੍ਰਸ਼ਨ ਨੰਬਰ 6 ਮਾਨਚਿੱਚਤਰ ਨਾਲ ਸਬੰਧਤ ਹੈ। ਇਸਦੇ 15 ਅੰਕ ਹਨ। ਨਦੀਆਂ ਦਰਸਾਉਣ ਦੇ ਪੰਜ ਅੰਕ ਤੇ ਹਰੇ ਸਥਾਨ ਦੀ ਵਿਆਖਿਆ (10-15 ਸ਼ਬਦਾਂ ਵਿੱਚ) ਕਰਨ ਦੇ 5 ਅੰਕ ਹਨ। ਮਾਨਚਿੱਤਰ ਵਿੱਚ 100% ਅੰਦਰੂਨੀ ਛੋਟ ਹੋਵੇਗੀ।
8. ਪੰਜਾਬ ਦਾ ਮਾਨਚਿੱਤਰ ਉੱਤਰ ਪੱਤਰੀ ਨਾਲ ਨੱਥੀ ਹੈ।

**ਭਾਗ (ੳ)** **10x 1 = 10**

**1. ਬਹੁਵਿਕਲਪੀ ਪ੍ਰਸ਼ਨ:-**

(i) 16ਵੀਂ ਸਦੀ ਦੇ ਆਰੰਭ ਵਿੱਚ ਮੁਸਲਿਮ ਸਮਾਜ ਵਿੱਚ ਨਿਭਾਈ ਜਾਣ ਵਾਲੀ ਰਸਮ ਬਿਸਮਿੱਲਾਹ ਖਾਨੀ ਦਾ ਸਬੰਧ ਸੀ:-

(ੳ) ਬੱਚੇ ਦੇ ਜਨਮ ਦਿਨ ਨਾਲ(ਅ) ਬੱਚੇ ਨੂੰ ਸਕੂਲ ਭੇਜਣ ਨਾਲ

(ੲ) ਬੱਚੇ ਦੇ ਨਾਮਕਰਨ ਨਾਲ(ਸ) ਵਿਆਹ ਨਾਲ

(ii) ਗੁਰੂ ਸਾਹਿਬਾਨ ਤੇ ਉਹਨਾਂ ਦੇ ਸਰਧਾਲੂਆਂ ਸਬੰਧੀ ਕਿਹੜਾ ਜੁੱਟ ਗਲਤ ਹੈ?

| | ਗੁਰੂ ਸਾਹਿਬਾਨ | ਸਰਧਾਲੂ |
|---|---|---|
| (ੳ) | ਸ੍ਰੀ ਗੁਰੂ ਅੰਗਦ ਦੇਵ ਜੀ | ਭਗਤ ਗਿਰ ਜੀ |
| (ਅ) | ਸ੍ਰੀ ਗੁਰੂ ਅਮਰਦਾਸ ਜੀ | ਬੂਲਾ ਪੰਡਿਤ |
| (ੲ) | ਸ੍ਰੀ ਗੁਰੂ ਗੋਬਿੰਦ ਸਿੰਘ ਜੀ | ਪੀਰ ਬੁੱਧੂ ਸ਼ਾਹ ਜੀ |
| (ਸ) | ਸ੍ਰੀ ਗੁਰੂ ਤੇਗ ਬਹਾਦਰ ਜੀ | ਭਾਈ ਮਤੀ ਦਾਸ ਜੀ |

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਗਲਤ ਹੈ:-

(ੳ) ਬੀਬੀ ਕੌਲਾਂ ਜੀ ਲਾਹੌਰ ਦੇ ਕਾਜ਼ੀ ਰੁਸਤਮ ਖ਼ਾਂ ਦੀ ਪੁੱਤਰੀ ਸੀ।

(ਅ) ਬੀਬੀ ਕੌਲਾਂ ਜੀ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਬਹੁਤ ਪ੍ਰਭਾਵਿਤ ਸੀ।

(ੲ) ਬੀਬੀ ਕੌਲਾਂ ਜੀ ਸਾਈ ਮੀਆਂ ਮੀਰ ਜੀ ਦੀ ਸ਼ਰਧਾਲੂ ਸੀ।

(ਸ) ਕਾਜ਼ੀ ਰੁਸਤਮ ਖਾਂ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਅਧੀਨ ਨਿਆਂ ਵਿਭਾਗ ਦਾ ਕਰਮਚਾਰੀ ਸੀ।

(iv) ਹੇਠ ਲਿਖੀਆਂ ਕਥਨਾਂ ਦੇ ਅਧਾਰ ਤੇ ਉੱਤਰ ਦਿਓ:-

X: - ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਅਬਦੁੱ ਸਮਦ ਖਾਨ ਲਾਹੌਰ ਦਾ ਸੂਬੇਦਾਰ ਸੀ।

Y: - ਕਰਤਾਰਪੁਰ ਲੜਾਈ ਵਿੱਚ ਬਹਾਦਰੀ ਦਿਖਾਉਣ ਕਰਕੇ ਆਪ ਜੀ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ ਗਿਆ।

(ੳ) ਦੋਵੇਂ X ਤੇ Y ਸਹੀ ਹਨ।

(ਅ) ਦੋਵੇਂ X ਤੇ Y ਗ਼ਲਤ ਹਨ।

(ੲ) X ਗ਼ਲਤ ਹੈ ਅਤੇ Y ਸਹੀ ਹੈ।

(ਸ) X ਸਹੀ ਹੈ ਅਤੇ Y ਗ਼ਲਤ ਹੈ।

(v) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਗਏ ਪੰਜ ਪਿਆਰਿਆਂ ਦੇ ਜਨਮ ਸਥਾਨ ਸਬੰਧੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ:-

| ਪੰਜ ਪਿਆਰੇ | ਜਨਮ ਸਥਾਨ |
|---|---|
| 1.ਭਾਈ ਦਇਆ ਸਿੰਘ | (i) ਦਵਾਰਕਾ |
| 2. ਭਾਈ ਧਰਮ ਸਿੰਘ | (ii) ਬਿਦਰ |
| 3. ਭਾਈ ਮੋਹਕਮ ਸਿੰਘ | (iii) ਜਗਨਨਾਥਪੁਰੀ |
| 4. ਭਾਈ ਸਾਹਿਬ ਸਿੰਘ | (iv) ਲਾਹੌਰ |
| 5.ਭਾਈ ਹਿੰਮਤ ਸਿੰਘ | (v) ਹਸਤਨਾਪਰ |

| | 1 | 2 | 3 | 4 | 5 |
|---|---|---|---|---|---|
| (ੳ) | (iii) | (iv) | (v) | (ii) | (i) |
| (ਅ) | (iv) | (v) | (i) | (ii) | (iii) |
| (ੲ) | (ii) | (i) | (iv) | (iii) | (v) |
| (ਸ) | (iv) | (v) | (iii) | (i) | (ii) |

(vi) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਗਲਤ ਹੈ:-


(ੳ) ਦਲ ਖਾਲਸਾ ਦੇ ਸੈਨਿਕ ਯੁੱਧ ਵਿੱਚ ਤੋਪਾਂ ਅਤੇ ਹਾਥੀਆਂ ਦੀ ਵਰਤੋਂ ਕਰਦੇ ਸਨ।

(ਅ) ਦਲ ਖਾਲਸਾ ਦੇ ਸੈਨਿਕ ਨੇਜ਼ਿਆਂ ਅਤੇ ਤਲਵਾਰਾਂ ਦੀ ਵਰਤੋਂ ਵਿੱਚ ਬਹੁਤ ਮਾਹਿਰ ਸਨ।

(ੲ) ਦਲ ਖਾਲਸਾ ਦੇ ਸੈਨਿਕਾਂ ਦੇ ਡੇਰੇ ਸਾਦਗੀ ਤੇ ਸਧਾਰਣ ਜੀਵਨ ਲਈ ਪ੍ਰਸਿੱਧ ਸਨ।

(ਸ) ਦਲ ਖਾਲਸਾ ਦੇ ਹਰੇਕ ਘੋੜਸਵਾਰ ਕੋਲ ਦੋ ਕੰਬਲ ਹੁੰਦੇ ਸਨ, ਇੱਕ ਸਵਾਰ ਲਈ ਤੇ ਦੂਜਾ ਘੋੜੇ ਲਈ।

(vii) ਦੂਜੇ ਐਂਗਲੋ-ਸਿੱਖ ਯੁੱਧ ਦੇ ਸਥਾਨ ਪਹਿਚਾਣੋ ਤੇ ਸਹੀ ਉੱਤਰ ਦਿਓ:-




| | K | L | M | N |
|---|---|---|---|---|
| ੳ | ਮੁਲਤਾਨ | ਗੁਜਰਾਤ | ਰਾਮਨਗਰ | ਚਿੱਲਿਆਂਵਾਲਾ |
| ਅ | ਰਾਮਨਗਰ | ਚਿੱਲਿਆਂਵਾਲਾ | ਮੁਲਤਾਨ | ਗੁਜਰਾਤ |
| ੲ | ਗੁਜਰਾਤ | ਰਾਮਨਗਰ | ਚਿੱਲਿਆਂਵਾਲਾ | ਮੁਲਤਾਨ |
| ਸ | ਚਿੱਲਿਆਂਵਾਲਾ | ਮੁਲਤਾਨ | ਗੁਜਰਾਤ | ਰਾਮਨਗਰ |

(viii) ਮੁਗ਼ਲ ਕਾਲ ਵਿੱਚ ਪ੍ਰਚਲਿਤ ਸਿੱਕਾ 'ਰੁਪਿਆ' ਕਿਸ ਧਾਤੂ ਦਾ ਬਣਿਆ ਹੁੰਦਾ ਸੀ?

(ੳ) ਤਾਂਬਾ (ਅ) ਸੋਨਾ (ੲ) ਚਾਂਦੀ (ਸ) ਕਾਂਸਾ

(ix) ਪੰਜਾਬ ਦੇ ਮੁਗਲ ਸੂਬੇਦਾਰਾਂ ਦਾ ਸਹੀ ਕਾਲਕ੍ਰਮ ਪਹਿਚਾਣੋ:-

(i) ਅਬਦੁੱਸਮਦ ਖਾਂ (ii) ਜਕਰੀਆ ਖਾਨ (iii) ਯਾਹੀਆ ਖਾਨ (iv) ਮੀਰ ਮੰਨੂ (v) ਮੁਨੀਮ ਖ਼ਾਨ

| | | | | | |
|---|---|---|---|---|---|
| (ੳ) | (ii) | (i) | (iii) | (iv) | (v) |
| (ਅ) | (i) | (ii) | (v) | (iii) | (iv) |
| (ੲ) | (iii) | (iv) | (v) | (ii) | (i) |
| (ਸ) | (v) | (ii) | (iii) | (i) | (iv) |

(x) ਮਹਾਰਾਜਾ ਰਣਜੀਤ ਸਿੰਘ ਦੀ ਉੱਤਰ ਪੱਛਮੀ ਸੀਮਾ ਨੀਤੀ ਸਬੰਧੀ ਕਿਹੜਾ ਕਥਨ ਸਹੀ ਨਹੀਂ ਹੈ:-

(ੳ) ਮਹਾਰਾਜਾ ਰਣਜੀਤ ਸਿੰਘ ਨੇ 1818 ਈ ਵਿੱਚ ਡੇਰਾ ਗਾਜੀ ਖਾਂ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰ ਲਿਆ ਸੀ।

(ਅ) 1834 ਈ: ਵਿੱਚ ਪਿਸ਼ਾਵਰ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰਕੇ ਹਰੀ ਸਿੰਘ ਨਲੂਆ ਨੂੰ ਇਸ ਦਾ ਸੂਬੇਦਾਰ ਨਿਯੁਕਤ ਕੀਤਾ।

(ੲ) ਮਹਾਰਾਜਾ ਰਣਜੀਤ ਸਿੰਘ ਨੇ 1832 ਈ ਵਿੱਚ ਟੌਂਕ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰ ਲਿਆ ਸੀ।

(ਸ) ਮਹਾਰਾਜਾ ਰਣਜੀਤ ਸਿੰਘ ਨੇ 1833 ਈ ਵਿੱਚ ਬੰਨੂੰ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰ ਲਿਆ ਸੀ।

**ਭਾਗ (ਅ)** **5x 1 = 5**

**2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ :-**

(i) ਉਦਾਸੀ ਮੱਤ ਦੇ ਮੋਢੀ ਕੌਣ ਸਨ?

(ii) ਨੱਥਾ ਮੱਲ ਤੇ ਅਬਦੁੱਲਾ ਨਾਮਕ ਢਾਡੀ ਕਿਸ ਗੁਰੂ ਸਾਹਿਬ ਜੀ ਦੇ ਦਰਬਾਰ ਵਿੱਚ ਸੇਵਾਵਾਂ ਦਿੰਦੇ ਸਨ?

(iii) ਕਿਸਦੀ ਅਗਵਾਈ ਵਿੱਚ ਕਸ਼ਮੀਰੀ ਪੰਡਤ ਫ਼ਰਿਆਦ ਲੈ ਕੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਏ ਸਨ?

iv) 1580-81 ਵਿੱਚ ਲਾਹੌਰ ਤੇ ਮੁਲਤਾਨ ਵਿੱਚ ਭੂਮੀ-ਕਰ ਦੀ ਕਿਹੜੀ ਪ੍ਰਣਾਲੀ ਲਾਗੂ ਕੀਤੀ?

(v) ਹਰੀ ਸਿੰਘ ਨਲੂਆ ਦੀ ਸ਼ਹੀਦੀ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਕਿਸਨੂੰ ਪੇਸ਼ਾਵਰ ਦਾ ਸੂਬੇਦਾਰ ਨਿਯੁਕਤ ਕੀਤਾ?

**ਭਾਗ (ੲ) 9 + 9 = 18**

**3. ਕੋਈ ਛੇ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਤਿੰਨ ਪ੍ਰਸ਼ਨ ਕਰਨੇ ਜਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿੱਚ ਦਿਓ :- 3 x 3 = 9**

(I) ਕੋਈ ਤਿੰਨ ਪ੍ਰਸ਼ਨ ਕਰੋ।

(i) ਭਾਈ ਗੁਰਦਾਸ ਜੀ ਦੀਆਂ ਵਾਰਾਂ 'ਤੇ ਨੋਟ ਲਿਖੋ।

(ii) ਭਾਈ ਲਹਿਣਾ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਕਿਵੇਂ ਬਣੇ?

(iii) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਤਿੰਨ ਢੁਕਵੇਂ ਕਾਰਨ ਦੱਸੋ?

(iv) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 'ਤੇ ਨੋਟ ਲਿਖੋ।

(v) ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਨੋਟ ਲਿਖੋ।

**(II) ਕੋਈ ਤਿੰਨ ਪ੍ਰਸ਼ਨ ਕਰੋ। 3 x 3 = 9**

(i) ਨਵਾਬ ਕਪੂਰ ਸਿੰਘ 'ਤੇ ਨੋਟ ਲਿਖੋ।

(ii) ਸਿੱਖ ਮਿਸਲਾਂ ਅਧੀਨ ਤਾਬੇਦਾਰੀ ਪ੍ਰਥਾ ਕੀ ਸੀ?

(iii) ਨੌਸ਼ਹਿਰਾ ਦੀ ਲੜਾਈ 'ਤੇ ਨੋਟ ਲਿਖੋ।

(iv) ਮਹਾਰਾਣੀ ਜਿੰਦਾਂ 'ਤੇ ਨੋਟ ਲਿਖੋ।

(v) ਦੂਜੇ ਐਂਗਲੋ -ਸਿੱਖ ਯੁੱਧ ਦੇ ਕੋਈ ਤਿੰਨ ਕਾਰਨ ਦੱਸੋ?3

**ਭਾਗ (ਸ) 6 + 6 = 12**

**4. ਸਰੋਤ ਅਧਾਰਿਤ / ਕੇਸ ਸਟੱਡੀ ਸਬੰਧੀ ਪ੍ਰਸ਼ਨ:-**

**(I) ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 6 x 1 = 6**

ਉਸ ਸਮੇਂ ਖੇਤੀਬਾੜੀ ਉੱਤੇ ਬਹੁਤ ਜੋਰ ਦਿੱਤਾ ਜਾਂਦਾ ਸੀ । ਕਿਸਾਨਾਂ ਨੂੰ ਖੇਤੀਬਾੜੀ ਦੀ ਤਰੱਕੀ ਲਈ ਕਈ ਢੰਗਾਂ ਨਾਲ ਉਤਸ਼ਾਹਿਤ ਕੀਤਾ ਜਾਂਦਾ ਸੀ । ਉਨ੍ਹਾਂ ਨੂੰ ਸਿੰਜਾਈ ਦੀਆਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਸਨ ਅਤੇ ਫਸਲਾਂ ਨਾ ਹੋਣ ਦੀ ਹਾਲਤ ਵਿੱਚ ਮਹਾਰਾਜੇ ਵੱਲੋਂ ਮਾਲੀਆ ਮੁਆਫ਼ ਕਰ ਦਿੱਤਾ ਜਾਂਦਾ ਸੀ । ਉਸ ਸਮੇਂ ਰਾਜ ਵਿੱਚ ਵੱਖ ਵੱਖ ਦੁਆਬ, ਜੰਮੂ, ਕਸ਼ਮੀਰ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਦਰਿਆ ਸਿੰਧ ਤੋਂ ਪਾਰ ਪਿਸ਼ਾਵਰ ਅਤੇ ਕੋਹਾਟ ਦੇ ਇਲਾਕੇ ਸ਼ਾਮਲ ਸਨ। ਰਾਜ ਦੇ ਵੱਖ ਵੱਖ ਭਾਗਾਂ ਵਿੱਚ ਜ਼ਰਾਇਤੀ ਉਪਜ ਵੀ ਵੱਖ-ਵੱਖ ਸੀ । ਇਸ ਭਿੰਨਤਾ ਦਾ ਕਾਰਨ ਹਰ ਇਲਾਕੇ ਦੀ ਜਮੀਨ ਅਤੇ ਆਬੋ-ਹਵਾ ਸੀ । ਸਿੰਧ ਸਾਗਰ ਦੁਆਬ, ਪੋਠੋਹਾਰ, ਧਨੀ ਅਤੇ ਸੱਯਦਪੁਰ ਵਿੱਚ ਕਣਕ, ਜੌਂ, ਬਾਜਰਾ, ਮਸ਼ਰ, ਮੂੰਗੀ, ਕਪਾਹ, ਚਾਵਲ, ਗੰਨਾ ਅਤੇ ਜਵਾਰ ਕਾਫ਼ੀ ਮਾਤਰਾ ਵਿੱਚ ਪੈਦਾ ਹੁੰਦੇ ਸਨ । ਜਿੱਥੇ ਬਾਰਸ਼ ਨਹੀਂ ਸੀ ਹੁੰਦੀ ਉੱਥੇ ਕਿਸਾਨ ਦਾ ਦਾਰੋਮਦਾਰ ਨਹਿਰਾਂ, ਖੂਹਾਂ ਜਾਂ ਹੋਰ ਆਰਜ਼ੀ ਸਾਧਨਾਂ ਉੱਤੇ ਸੀ । ਰਚਨਾ ਦੁਆਬ ਵਿੱਚ ਵਧੀਆ ਕਿਸਮ ਦੇ ਚਾਵਲ ਪੈਦਾ ਹੁੰਦੇ ਸਨ । ਚਾਵਲ ਕਾਂਗੜੇ ਅਤੇ ਕਸ਼ਮੀਰ ਦੇ ਪਹਾੜੀ ਇਲਾਕੇ ਅਤੇ ਹੁਸ਼ਿਆਰਪੁਰ ਦੇ ਇਲਾਕੇ ਵਿੱਚ ਕਾਫ਼ੀ ਬੀਜੇ ਜਾਂਦੇ ਸਨ । ਚਾਵਲਾਂ ਦੀਆਂ ਵੱਖ ਵੱਖ ਕਿਸਮਾਂ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਪੈਦਾ ਹੁੰਦੀਆਂ ਸਨ । ਬਾਰੀ ਦੁਆਬ ਵਿੱਚ ਵਧੀਆ ਕਿਸਮ ਦੀ ਬਾਸਮਤੀ ਬੀਜੀ ਜਾਂਦੀ ਸੀ । ਦੀਨਾ ਨਗਰ, ਬਟਾਲਾ, ਕਲਾਨੌਰ ਅਤੇ ਲਾਹੌਰ ਵਿੱਚ ਕਈ ਕਿਸਮ ਦੇ ਫਲ ਪੈਦਾ ਹੁੰਦੇ ਸਨ। ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ ਅਤੇ ਬਟਾਲੇ ਵਿੱਚ ਗੰਨਾ ਬਹੁਤ ਪੈਦਾ ਹੁੰਦਾ ਸੀ । ਜਲੰਧਰ ਦੁਆਬ ਵਿੱਚ ਕਣਕ, ਚਾਵਲ ਅਤੇ ਕਈ ਕਿਸਮ ਦੇ ਫਲ ਪੈਦਾ ਹੁੰਦੇ ਸਨ । ਹੁਸ਼ਿਆਰਪੁਰ, ਹਰਿਆਣਾ, ਉੜਮੁੜ ਟਾਂਡਾ, ਫਗਵਾੜਾ,

ਜਲੰਧਰ, ਕਰਤਾਰਪੁਰ, ਸੁਲਤਾਨਪੁਰ ਅਤੇ ਨੂਰਮਹਿਲ, ਦੇ ਇਲਾਕੇ ਕਣਕ ਅਤੇ ਦੂਜੇ ਅਨਾਜਾਂ ਲਈ ਬਹੁਤ ਪ੍ਰਸਿੱਧ ਸਨ। ਪੰਜਾਬ ਵਿੱਚ ਪੰਜ ਕਿਸਮਾਂ ਦੀ ਕਣਕ ਬੀਜੀ ਜਾਂਦੀ ਸੀ ਅਤੇ ਕਣਕ ਦੀ ਹਰ ਕਿਸਮ ਕਣਕ ਦੀਆਂ ਦੂਸਰੀਆਂ ਕਿਸਮਾਂ ਨਾਲੋਂ ਰੰਗ, ਸਵਾਦ ਅਤੇ ਖੁਰਾਕੀ ਤੱਤਾਂ ਵਜੋਂ ਵੱਖ ਕਿਸਮ ਦੀ ਹੁੰਦੀ ਸੀ। ਕਣਕ ਦੀ ਹਰ ਕਿਸਮ ਲਈ ਜੁਦੀ ਕਿਸਮ ਦੀ ਧਰਤੀ ਦੀ ਲੋੜ ਸੀ। ਪੰਜਾਬ ਦੇ ਕਿਸਾਨ ਸਾਲ ਵਿੱਚ ਦੋ ਫਸਲਾਂ ਕੱਢਦੇ ਸਨ। ਰਬੀ ਦੀ ਫਸਲ ਅਕਤੂਬਰ ਵਿੱਚ ਬੀਜੀ ਜਾਂਦੀ ਸੀ ਅਤੇ ਅਗਲੇ ਅਪਰੈਲ ਵਿੱਚ ਕੱਟੀ ਜਾਂਦੀ ਸੀ। ਖਰੀਫ ਦੀ ਫਸਲ ਜੁਲਾਈ ਵਿੱਚ ਬੀਜ ਕੇ ਅਕਤੂਬਰ ਵਿੱਚ ਕੱਟੀ ਜਾਂਦੀ ਸੀ।

(i) ਉਪਰੋਕਤ ਪੈਰ੍ਹੇ ਵਿੱਚ ਆਈਆਂ ਰੱਬੀ ਦੀਆਂ ਫ਼ਸਲਾਂ ਦੇ ਨਾਮ ਦੱਸੋ?

(ii) ਉਪਰੋਕਤ ਪੈਰ੍ਹੇ ਅਨੁਸਾਰ ਬਿਆਸ ਤੇ ਰਾਵੀ ਦਰਿਆ ਵਿਚਕਾਰਲੇ ਖੇਤਰ ਵਿੱਚ ਕਿਹੜੀਆਂ ਫ਼ਸਲਾਂ ਪੈਦਾ ਹੁੰਦੀਆਂ ਸਨ?

(iii) ਉਪਰੋਕਤ ਪੈਰ੍ਹੇ ਅਨੁਸਾਰ ਬਿਸਤ ਦੋਆਬ ਕਿਹੜੀਆਂ ਫ਼ਸਲਾਂ ਲਈ ਪ੍ਰਸਿੱਧ ਸੀ?

(iv) ਉਪਰੋਕਤ ਪੈਰ੍ਹੇ ਵਿੱਚ ਮਹਾਰਾਜਾ ਕਿਸਨੂੰ ਕਿਹਾ ਗਿਆ ਹੈ?

(v) ਰਾਵੀ ਅਤੇ ਚਨਾਬ ਦਰਿਆ ਵਿਚਕਾਰਲੇ ਖੇਤਰ ਵਿੱਚ ਕਿਹੜੀਆਂ ਫ਼ਸਲਾਂ ਪੈਦਾ ਹੁੰਦੀਆਂ ਸਨ?

(vi) ਉਪਰੋਕਤ ਪੈਰ੍ਹੇ ਵਿੱਚ ਆਈਆਂ ਖਰੀਫ਼ ਦੀਆਂ ਫ਼ਸਲਾਂ ਦੇ ਨਾਮ ਦੱਸੋ?

**(II) ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :- 6 x 1 = 6**

ਬਾਰਵੀਂ ਜਮਾਤ ਨੂੰ ਇਤਿਹਾਸ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕ ਵੱਲੋਂ ਕਲਾਸ ਦੇ ਛੇ ਵਿਦਿਆਰਥੀਆਂ ਅਕਾਸ਼, ਰਛਪਾਲ ਸਿੰਘ, ਨਵਨੀਤ, ਸ਼ੈਲੀ, ਹੁਸੈਨ ਤੇ ਰੁਪਿੰਦਰਦਾ ਟੈਸਟ ਲਿਆ ਗਿਆ। ਵਿਦਿਆਰਥੀਆਂ ਤੋਂ ਵੱਖ-ਵੱਖ ਪਾਠਾਂ ਵਿੱਚੋਂ ਪ੍ਰਸ਼ਨ ਪੁੱਛੇ ਗਏ।ਅੱਸੀ ਫੀਸਦੀ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਅਕਾਸ਼ ਤੋਂ ਸ਼੍ਰੀ ਗੁਰੂ ਹਰਕ੍ਰਿਸ਼ਨ ਜੀ ਬਾਰੇ ਪ੍ਰਸ਼ਨ ਪੁੱਛੇ ਗਏ ਜਦੋਂਕਿ ਨਵਨੀਤ ਤੋਂ ਮਾਲਵਾ ਤੇ ਬਾਂਗਰ ਬਾਰੇ ਪ੍ਰਸ਼ਨ ਪੁੱਛੇ ਗਏ ਸਨ। ਹੁਸੈਨ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਪ੍ਰਸ਼ਨਾਂ ਦਾ ਉੱਤਰ ਦਿੱਤਾ ਜਦੋਂਕਿ ਰਛਪਾਲ ਸਿੰਘ ਨੇ ਨੌਸ਼ਹਿਰਾ ਦੀ ਲੜਾਈ ਦੀਆਂ ਘਟਨਾਵਾਂ ਦੀ ਜਾਣਕਾਰੀ ਦਿੱਤੀ। ਸ਼ੈਲੀ ਨੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਵੀਂ ਨੀਤੀ ਸਬੰਧੀ ਪ੍ਰਸ਼ਨਾਂ ਦੇ ਉੱਤਰ ਦਿੱਤੇ। ਸਾਰਿਆਂ ਦੇ ਉੱਤਰ ਪੰਜਾਬੀ ਭਾਸ਼ਾ ਵਿੱਚ ਸਨ ਜਦੋਂਕਿ ਜਿਸਨੇ ਨੇ ਮੁਗਲਾਂ ਅਧੀਨ ਪੰਜਾਬ ਦੀ ਆਰਥਿਕ ਸਥਿਤੀ ਸਬੰਧੀ ਪ੍ਰਸ਼ਨਾਂ ਦਾ ਉੱਤਰ ਦਿੱਤਾ, ਉਸਨੇ ਉੱਤਰ ਅੰਗਰੇਜ਼ੀ ਵਿੱਚ ਦਿੱਤੇ। ਜਿਸ ਨੇ ਜਮਨਾ ਤੇ ਸਤਲੁਜ ਵਿਚਕਾਰਲੇ ਖੇਤਰ ਬਾਰੇ ਉੱਤਰ ਦਿੱਤੇ ਉਸਨੇ ਸਭ ਤੋਂ ਵੱਧ ਅੰਕ ਹਾਸਲ ਕੀਤੇ। ਜਿਸਨੇ ਮੀਰੀ ਤੇ ਪੀਰੀ ਅਤੇ ਅਕਾਲ ਤਖ਼ਤ ਸਾਹਿਬ ਦੇ ਨਿਰਮਾਣ ਬਾਰੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਉਸਨੇ ਨੱਬੇ ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ। ਰੁਪਿੰਦਰ ਨੇ ਅਕਬਰ ਦੁਆਰਾ ਲਾਗੂ ਕੀਤੀ ਲਗਾਨ ਪ੍ਰਣਾਲੀ ਦੇ ਬਾਰੇ ਉੱਤਰ ਦਿੱਤੇ।

(i) ਬਾਲ ਗੁਰੂ ਬਾਰੇ ਪ੍ਰਸ਼ਨ ਦਾ ਉੱਤਰ ਦੇਣ ਵਾਲੇ ਨੇ ਕਿੰਨੇ ਅੰਕ ਪ੍ਰਾਪਤ ਕੀਤੇ?

(ii) ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਕੀ ਨਾਮ ਹੈ?

(iii) ਕਿਹੜੇ ਵਿਦਿਆਰਥੀ ਨੇ ਅਪਣੇ ਉੱਤਰ ਵਿੱਚ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਜ਼ਿਕਰ ਜ਼ਰੂਰ ਕੀਤਾ ਹੋਵੇਗਾ?

(iv) ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਬਾਰੇ ਕਿਸਨੇ ਉੱਤਰ ਦਿੱਤਾ ਹੋਵੇਗਾ।

(v) ਸ਼ੈਲੀ ਨੇ ਕਿੰਨੇ ਅੰਕ ਪ੍ਰਾਪਤ ਕੀਤੇ?

(vi) ਰੁਪਿੰਦਰਨੇ ਕਿਸ ਭਾਸ਼ਾ ਵਿੱਚ ਉੱਤਰ ਦਿੱਤਾ ਹੋਵੇਗਾ?

**ਭਾਗ (ਹ) 4x5 = 20**

**5. ਹਰੇਕ ਪ੍ਰਸ਼ਨ ਪੰਜ ਅੰਕ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਲਿਖੋ :-**

(i) ਪੰਜਾਬ ਦੀਆਂ ਭੂਗੋਲਕ ਵਿਸ਼ੇਸ਼ਤਾਵਾਂ ਦੇ ਇਸ ਦੇ ਰਾਜਨੀਤਿਕ ਇਤਿਹਾਸ ਉੱਤੇ ਕੀ ਪ੍ਰਭਾਵ ਪਏ।

ਜਾਂ

ਪੰਜਾਬ ਦੀਆਂ ਭੂਗੋਲਕ ਵਿਸ਼ੇਸ਼ਤਾਵਾਂ ਦੇ ਇਸ ਦੇ ਧਾਰਮਿਕ ਜੀਵਨ ਉੱਤੇ ਕੀ ਪ੍ਰਭਾਵ ਪਏ।

(ii) ਸਿੱਖ ਮੱਤ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਦੇ ਯੋਗਦਾਨ ਦੀ ਚਰਚਾ ਕਰੋ।

ਜਾਂ

ਸਿੱਖ ਮੱਤ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਯੋਗਦਾਨ ਦੀ ਚਰਚਾ ਕਰੋ।

(iii) ਅਹਿਮਦ ਸ਼ਾਹ ਅਬਦਾਲੀ ਦੇਛੇਵੇਂ ਹਮਲੇ ਦੀ ਚਰਚਾ ਕਰੋ।

ਜਾਂ

ਅਹਿਮਦ ਸ਼ਾਹ ਅਬਦਾਲੀ ਦੀ ਸਿੱਖਾਂ ਵਿਰੁੱਧ ਅਸਫਲਤਾ ਦੇ ਕੀ ਕਾਰਨ ਸਨ?

(iv) ਅੰਮ੍ਰਿਤਸਰ ਦੀ ਸੰਧੀ (1809) ਲਈ ਜਿੰਮੇਵਾਰ ਪ੍ਰਸਥਿਤੀਆਂ ਦੀ ਚਰਚਾ ਕਰੋ।

ਜਾਂ

ਮਹਾਰਾਜਾ ਰਣਜੀਤ ਸਿੰਘ ਦੇ ਕੇਂਦਰੀ ਰਾਜ ਪ੍ਰਬੰਧ ਦੀ ਚਰਚਾ ਕਰੋ।

**ਭਾਗ (ਕ)** **5+ 5 + 5 = 15**

**6. ਮਾਨਚਿੱਤਰ:-**

(i) ਦਿੱਤੇ ਗਏ ਪੰਜਾਬ ਦੇ ਮਾਨਚਿੱਤਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨ ਦਰਸਾਉ ।

(ii) ਦਰਸਾਏ ਗਏ ਹਰੇਕ ਸਥਾਨ ਦੀ 10-15 ਸ਼ਬਦਾਂ ਵਿੱਚ ਵਿਆਖਿਆ ਕਰੋ।

ਜਾਂ

(i) ਦਿੱਤੇ ਗਏ ਪੰਜਾਬ ਦੇ ਮਾਨਚਿੱਤਰ ਵਿੱਚ ਪਹਿਲੇ ਐਂਗਲੋ -ਸਿੱਖ ਯੁੱਧ ਦੀਆਂ ਲੜਾਈਆਂ ਦੇ ਸਥਾਨ ਦਰਸਾਉ।

(ii) ਦਰਸਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿੱਚ ਵਿਆਖਿਆ ਕਰੋ।